# ਪੰਜਾਬ ਵਿਧਾਨ ਸਭਾ ਸਕੱਤਰੇਤ

ਸ਼ੁੱਕਰਵਾਰ, ਮਿਤੀ 28 ਅਗਸਤ, 2020 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ
ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

**ਪਿੰਡਾਂ ਦੇ ਛੱਪੜਾਂ ਤੇ ਲੱਗੇ ਟਿਊਬਵੈੱਲਾਂ ਨੂੰ ਮੁਫਤ ਬਿਜਲੀ ਕੁਨੈਕਸ਼ਨ ਦੇਣ ਸਬੰਧੀ**

*2893. ਸਰਦਾਰ ਗੁਰਕੀਰਤ ਸਿੰਘ, ਐਮ.ਐਲ.ਏ.:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ ਪਿੰਡਾਂ ਦੇ ਛੱਪੜਾਂ ਤੇ ਲੱਗੇ ਟਿਊਬਵੈੱਲਾਂ ਨੂੰ ਬਿਜਲੀ ਦਾ ਮੁਫਤ ਕੁਨੈਕਸ਼ਨ ਦੇਣ ਦਾ ਵਿਚਾਰ ਰੱਖਦੀ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਇਹ ਸਕੀਮ ਕਦੋਂ ਤੱਕ ਲਾਗੂ ਕਰ ਦਿੱਤੀ ਜਾਵੇਗੀ?

**ਰਾਜ ਦੇ ਪਿੰਡਾਂ ਵਿਚ ਟੋਭਿਆਂ ਦੀ ਸਫਾਈ ਕਰਵਾਉਣਾ**

*2891. ਸਰਦਾਰ ਸੰਗਤ ਸਿੰਘ ਗਿਲਜੀਆਂ, ਐਮ.ਐਲ.ਏ.:-ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਦੇ ਪਿੰਡਾਂ ਵਿੱਚ ਟੋਭਿਆਂ (ਪਾਣੀ ਤੇ ਟੋਭੇ) ਦੀ ਸਫਾਈ ਅਤੇ ਪੱਕੀ ਕੰਧਾਂ ਦੀ ਉਸਾਰੀ ਕਰਨ ਲਈ ਮਾਸਟਰ ਪਲਾਨ ਬਣਾਏਗੀ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਹਲਕਾ ਰਾਏਕੋਟ ਦੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਕਰਨ ਲਈ ਜਿੰਮਾਂ ਦੇਣਾ**

*2817. ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ, ਐਮ.ਐਲ.ਏ.:- ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਰਾਏਕੋਟ ਦੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਕਰਨ ਲਈ ਅਤੇ ਖੇਡਾਂ ਨਾਲ ਜੋੜਨ ਲਈ ਜਿੰਮਾਂ ਦਿੱਤੀਆਂ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਐਮ.ਆਈ.ਐਮ.ਆਈ.ਟੀ. ਨੂੰ ਦਿੱਤੀ ਗਈ ਸਰਕਾਰੀ ਗ੍ਰਾਂਟ**

*2887. ਸ਼੍ਰੀ ਨੱਥੂ ਰਾਮ, ਐਮ.ਐਲ.ਏ.:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ:-

ੳ) ਐਮ.ਆਈ.ਐਮ.ਆਈ.ਟੀ (ਮਲੌਟ ਇੰਸਟੀਚਿਊਟ ਆਫ ਮੈਨੇਜਮੈਂਟ ਅਤੇ ਇਨਫਾਰਮੇਸ਼ਨ ਤਕਨਾਲੋਜੀ ਸੰਸਥਾ) ਕਿਸ ਕੈਟਾਗਰੀ ਅਧੀਨ ਆਉਂਦਾ ਹੈ, ਇਕ ਸਰਕਾਰੀ ਸੰਸਥਾ, ਪ੍ਰਾਈਵੇਟ ਸੰਸਥਾ ਜਾਂ ਪੀ.ਪੀ.ਈ. ਅਤੇ ਇਸ ਦੀ ਸਥਾਪਨਾ ਕਦੋਂ ਕੀਤੀ ਗਈ ਸੀ ਅਤੇ ਇਸਦਾ ਮੰਤਵ, ਅਧਿਕਾਰ ਅਤੇ ਕਾਰਜ-ਖੇਤਰ ਕੀ ਹੈ;

ਅ) ਸਰਕਾਰ ਦੁਆਰਾ ਉਪਰੋਕਤ ਸੰਸਥਾ ਨੂੰ ਸ਼ੁਰੂਆਤ ਤੋਂ ਕੁੱਲ ਕਿੰਨੀ ਗ੍ਰਾਂਟ ਜਾਰੀ ਕੀਤੀ ਗਈ ਅਤੇ ਕਿਸ ਮਿਤੀ ਤੋਂ ਬੰਦ ਕੀਤੀ ਗਈ;

ੲ) ਇਸ ਸੰਸਥਾ ਵਿੱਚ ਠੇਕੇ ਅਤੇ ਰੈਗੂਲਰ ਅਧਾਰ ਤੇ ਕੰਮ ਕਰ ਰਹੇ ਅਮਲੇ, ਸ਼੍ਰੇਣੀ-ਵਾਈਜ਼, ਕੈਟਾਗਰੀ ਵਾਇਜ਼ ਅਤੇ ਸੈਨੇਟਰੀ ਅਧਿਆਪਕਾਂ ਦੀਆਂ ਅਸਾਮੀਆਂ ਦੇ ਵੱਖ-ਵੱਖ ਵੇਰਵੇ ਕੀ ਹਨ?

**ਦਸਤਾਵੇਜ਼ ਦਿਖਾਉਣ ਤੇ ਜੁਰਮਾਨਾ ਘਟਾਉਣਾ**

*2874. ਸ਼੍ਰੀ ਰਜਿੰਦਰ ਬੇਰੀ, ਐਮ.ਐਲ.ਏ.:- ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੇਕਰ ਵਿਅਕਤੀ ਕੋਲ ਮੌਕੇ ਤੇ ਕਾਗਜਾਤ/ਦਸਤਾਵੇਜ਼ ਨਹੀਂ ਪਾਏ ਜਾਂਦੇ ਪਰ ਉਸ ਕੋਲ ਘਰ ਜਾਂ ਦਫਤਰ ਵਿੱਚ ਕਾਗਜਾਤ ਮੌਜੂਦ ਹੁੰਦੇ ਹਨ ਤਾਂ ਉਸ ਵਲੋਂ ਆਰ.ਟੀ.ਏ. ਦਫਤਰ ਵਿਚ ਚਲਾਨ ਭੁਗਤਾਨ ਸਮੇਂ ਦਸਤਾਵੇਜ਼ ਦਿਖਾਉਣ ਤੇ ਵੀ ਜੁਰਮਾਨਾ ਨਹੀਂ ਘਟਾਇਆ ਜਾਂਦਾ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਸਬੰਧ ਵਿੱਚ ਕੋਈ ਵਿਚਾਰ ਕਰੇਗੀ?

**ਕਿਸਾਨਾਂ ਨੂੰ ਸਹਿਕਾਰੀ ਸਭਾਵਾਂ ਵੱਲੋਂ ਦਿੱਤੇ ਜਾਣ ਵਾਲੇ ਫਸਲੀ ਕਰਜੇ ਵਿਚ ਵਾਧਾ ਕਰਨਾ**

*2816. ਸ਼੍ਰੀਮਤੀ ਰੁਪਿੰਦਰ ਕੌਰ ਰੂਬੀ, ਐਮ.ਐਲ.ਏ.:- ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕੋਵਿਡ-19 ਦੀ ਮਹਾਂਮਾਰੀ ਦੇ ਸਮੇਂ ਵਿਚ ਆੜਤੀਏ (ਕਮਿਸ਼ਨ ਏਜੰਟ) ਕਿਸਾਨਾਂ ਨੂੰ ਕੋਰੋਨਾ ਤੋਂ ਡਰਦੇ ਹੋਏ ਸਾਉਣੀ ਦੀ ਫਸਲ ਪਾਲਣ ਅਤੇ ਮਹਿੰਗੀ ਮਿਲ ਰਹੀ ਲੇਬਰ ਨੂੰ ਪੈਸੇ ਦੇਣ ਲਈ ਕੋਈ ਮਾਲੀ ਸਹਾਇਤਾ ਨਹੀਂ ਦੇ ਰਹੇ; ਜੇਕਰ ਅਜਿਹਾ ਹੋਵੇ ਤਾਂ ਇਸ ਲਈ ਕਿਸਾਨਾਂ ਨੂੰ ਸਹਿਕਾਰੀ ਸਭਾਵਾਂ ਰਾਹੀਂ ਜੋ ਫਸਲੀ ਕਰਜਾ 13000/- ਰੁਪਏ ਕੈਸ਼ (ਪ੍ਰਤੀ ਏਕੜ) ਅਤੇ 8900/- ਰੁਪਏ ਦੀ ਖਾਦ (ਪ੍ਰਤੀ ਏਕੜ) ਦਿੱਤੀ ਜਾ ਰਹੀ ਹੈ, ਨੂੰ ਵਧਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਵੇਰਵੇ ਸਹਿਤ ਜਾਣਕਾਰੀ ਦਿੱਤੀ ਜਾਵੇ?

**ਅਹਿਮਦਗੜ੍ਹ ਵਿਖੇ ਸਬ-ਡਵੀਜ਼ਨਲ ਆਫਿਸ ਕੰਪਲੈਕਸ ਦੀ ਉਸਾਰੀ**

*2882. ਸਰਦਾਰ ਸੁਰਜੀਤ ਸਿੰਘ ਧੀਮਾਨ, ਐਮ.ਐਲ.ਏ.:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ ਨੇ ਅਹਿਮਦਗੜ੍ਹ (ਸੰਗਰੂਰ) ਵਿਖੇ ਸਬ-ਡਵੀਜ਼ਨਲ ਆਫਿਸ ਕੰਪਲੈਕਸ ਦੀ ਉਸਾਰੀ ਲਈ ਇਤਰਾਜ਼ਹੀਨਤਾ ਸਰਟੀਫੀਕੇਟ ਪ੍ਰਾਪਤ ਕਰ ਲਿਆ ਹੈ ਅਤੇ ਹੋਰ ਮਾਲ ਰਸਮਾਂ ਪੂਰੀਆਂ ਕਰ ਲਈਆਂ ਹਨ; ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ ਅਤੇ ਇਸ ਸਬੰਧ ਵਿੱਚ ਕਿੰਨਾ ਕੰਮ ਲੰਬਿਤ ਪਿਆ ਹੈ;

ਅ) ਇਸ ਕੰਪਲੈਕਸ ਦੀ ਜਲਦ ਉਸਾਰੀ ਲਈ ਸਰਕਾਰ ਦੁਆਰਾ ਕਿਹੜੇ ਕਦਮ ਚੁੱਕੇ ਜਾ ਰਹੇ ਹਨ?

**ਲੁਧਿਆਣਾ ਵਿਖੇ ਕੋਵਿਡ-19 ਦੇ ਪਾਜੀਟਿਵ ਕੇਸਾਂ ਦੀ ਗਿਣਤੀ**

*2880. ਸ਼੍ਰੀ ਰਾਕੇਸ਼ ਪਾਂਡੇ, ਐਮ.ਐਲ.ਏ.:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸ਼ਹਿਰ ਲੁਧਿਆਣਾ ਵਿਚ ਅੱਜ ਤੱਕ ਕੋਵਿਡ-19 ਦੇ ਕੁੱਲ ਕਿੰਨੇ ਪਾਜੀਟਿਵ ਕੇਸ ਹਨ ਅਤੇ ਇਸ ਦੇ ਕਾਰਨ ਲੁਧਿਆਣਾ ਸ਼ਹਿਰ ਵਿੱਚ ਕੁੱਲ ਕਿੰਨੀਆਂ ਮੌਤਾਂ ਹੋਈਆਂ ਹਨ;

ਅ) ਉਪਰੋਕਤ ਮਹਾਂਮਾਰੀ ਦੇ ਫੈਲਾਅ ਨੂੰ ਰੋਕਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾਣੇ/ਚੁੱਕੇ ਜਾ ਰਹੇ ਹਨ?

**ਘਨੌਰ ਵਿਖੇ ਲੜਕੀਆਂ ਦੇ ਸੀਨੀਅਰ ਸੈਕੰਡਰੀ ਸਕੂਲ ਲਈ ਫੰਡਜ਼ ਮੁੱਹਈਆ ਕਰਵਾਉਣਾ**

*2876. ਸ਼੍ਰੀ ਮਦਨ ਲਾਲ ਜਲਾਲਪੁਰ, ਐਮ.ਐਲ.ਏ.:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਘਨੌਰ ਵਿਖੇ ਲੜਕੀਆਂ ਦੇ ਸੀਨੀਅਰ ਸੈਕੰਡਰੀ ਸਕੂਲ ਲਈ ਚਾਲੂ ਵਿੱਤੀ ਸਾਲ ਦੌਰਾਨ ਫੰਡਜ਼ ਮੁਹੱਈਆ ਕਰਵਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਰਾਜ ਵਿੱਚ 2016 ਦੌਰਾਨ ਨੀਲੇ ਕਾਰਡਾਂ ਦੇ ਲਾਭਪਾਤਰੀਆਂ ਦੀ ਗਿਣਤੀ**

*2837. 1. ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ.)
2. ਸਰਦਾਰ ਦਿਲਰਾਜ ਸਿੰਘ ਭੂੰਦੜ, ਐਮ.ਐਲ.ਏ.) :- ਕੀ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2016 ਵਿੱਚ ਨੀਲੇ ਕਾਰਡਾਂ ਅਧੀਨ ਲਾਭ ਪ੍ਰਾਪਤ ਕਰਦੇ ਲਾਭਪਾਤਰੀਆਂ ਦੀ ਰਾਜ ਵਿੱਚ ਕੁੱਲ ਗਿਣਤੀ ਕਿੰਨੀ ਸੀ; ਇਸ ਤੋਂ ਬਾਅਦ ਨੀਲੇ ਕਾਰਡਾਂ ਦੀ ਕਦੋਂ-2 ਵੈਰੀਫਿਕੇਸ਼ਨ ਕੀਤੀ ਗਈ ਅਤੇ ਇਸ ਦੌਰਾਨ ਕਿੰਨੇ ਲਾਭਪਾਤਰੀਆਂ ਦੇ ਨੀਲੇ ਕਾਰਡ ਕੱਟੇ ਗਏ ਤੇ ਕਿੰਨੇ ਨਵੇਂ ਕਾਰਡ ਬਣਾਏ ਗਏ; ਵੇਰਵੇ ਸਹਿਤ ਦੱਸਿਆ ਜਾਵੇ;

ਅ) ਕੀ ਜਿਨ੍ਹਾਂ ਲਾਭਪਾਤਰੀਆਂ ਦੇ ਕਾਰਡ ਕੱਟੇ ਗਏ ਉਨ੍ਹਾਂ ਦੇ ਕਾਰਡਾਂ ਦਾ ਰਾਸ਼ਨ ਅਜੇ ਵੀ ਆ ਰਿਹਾ ਹੈ ਅਤੇ ਕੀ ਇਹ ਰਾਸ਼ਨ ਇਨ੍ਹਾਂ ਲਾਭਪਾਤਰੀਆਂ ਨੂੰ ਦਿੱਤਾ ਜਾ ਰਿਹਾ ਹੈ; ਜੇਕਰ ਨਹੀਂ ਤਾਂ ਇਹ ਰਾਸ਼ਨ ਕਿਹਨਾਂ ਨੂੰ ਵੰਡਿਆ ਜਾ ਰਿਹਾ ਹੈ?

ਪਰਤੋਂ ਜੀ...

ਰਾਜ ਦੇ ਲੋਕਾਂ ਨੂੰ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਲਈ ਬਦਲਵੇਂ ਪ੍ਰਬੰਧ ਕਰਨਾ

*2858. ਸ਼੍ਰੀ ਅਰੁਣ ਨਾਰੰਗ, ਐਮ.ਐਲ.ਏ.:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦਾ ਸਟਾਫ਼ ਆਮ ਤੌਰ ਤੇ ਹਰ ਸਾਲ ਮਈ ਅਤੇ ਜੂਨ ਮਹੀਨੇ ਵਿੱਚ ਸਖ਼ਤ ਗਰਮੀ ਦੇ ਮੌਸਮ ਕਾਰਨ ਕਿਸੇ ਨਾ ਕਿਸੇ ਬਹਾਨੇ ਰੋਸ ਵੱਜੋਂ work-to-rule ਸ਼ੁਰੂ ਕਰ ਦਿੰਦਾ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹੇ ਸਮੇਂ ਵਿੱਚ ਰਾਜ ਦੇ ਲੋਕਾਂ ਨੂੰ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਸ਼ਾਮੀ 5 ਵਜੇ ਤੋਂ ਸਵੇਰੇ 9 ਵਜੇ ਤੱਕ ਬਿਜਲੀ ਸਪਲਾਈ ਵਿੱਚ ਪੈਣ ਵਾਲੇ ਫ਼ਾਲਟਾਂ ਨੂੰ ਤੁਰੰਤ ਠੀਕ ਕਰਨ ਵਾਸਤੇ ਸਰਕਾਰ ਕੋਲ ਹੋਰ ਕੀ ਬਦਲਵੇਂ ਵਿਕਲਪ ਹਨ; ਵਿਸਥਾਰ ਨਾਲ ਦੱਸਿਆ ਜਾਵੇ?

ਖਡੂਰ ਸਾਹਿਬ ਹਲਕੇ ਵਿਚ ਸਾਹਬਾਜ਼ਪੁਰ ਵਿਖੇ ਉਸਾਰੀ ਜਾ ਰਹੀ ਕਾਲਜ ਦੀ ਇਮਾਰਤ ਦੀ ਤਾਜਾ ਸਥਿਤੀ

*2895. ਸਰਦਾਰ ਰਮਨਜੀਤ ਸਿੰਘ ਸਿੱਕੀ, ਐਮ.ਐਲ.ਏ.:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਖਡੂਰ ਸਾਹਿਬ ਹਲਕੇ ਵਿਚ ਸ਼ਾਹਬਾਜ਼ਪੁਰ ਵਿਖੇ ਉਸਾਰੀ ਜਾ ਰਹੀ ਕਾਲਜ ਦੀ ਇਮਾਰਤ ਅਤੇ ਹੋਰ ਬੁਨਿਆਦੀ ਢਾਂਚੇ ਦੀ ਮੁਕੰਮਲ ਤਾਜਾ ਸਥਿਤੀ ਕੀ ਹੈ;

ਅ) ਇਸ ਕਾਲਜ ਵਿਚ ਨਵੇਂ ਦਾਖਲੇ/ਕਲਾਸਾਂ ਦੇ ਕਦੋਂ ਤੱਕ ਸ਼ੁਰੂ ਹੋਣ ਦੀ ਸੰਭਾਵਨਾ ਹੈ?

ਜਿਲ੍ਹਾ ਟਰਾਂਸਪੋਰਟ ਅਤੇ ਡਰਾਈਵਿੰਗ ਸਕੂਲ ਰੂਪਨਗਰ ਦੇ ਕਰਮਚਾਰੀਆਂ ਦੇ ਵੇਰਵੇ

*2814. ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.:- ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਿਲ੍ਹਾ ਟਰਾਂਸਪੋਰਟ ਅਤੇ ਡਰਾਈਵਿੰਗ ਸਕੂਲ ਰੂਪਨਗਰ ਵਿਚ ਕਿੰਨੇ ਕਰਮਚਾਰੀ ਪੱਕੇ ਹਨ ਅਤੇ ਕਿੰਨੇ ਕਰਮਚਾਰੀ ਕੱਚੇ ਤੌਰ ਤੇ ਰੱਖੇ ਗਏ ਹਨ?

ਸਬ-ਡਵੀਜ਼ਨ ਬੰਗਾ ਵਿਖੇ ਪਟਵਾਰੀਆਂ ਦੀਆਂ ਮਨਜੂਰਸ਼ੁਦਾ ਅਸਾਮੀਆਂ

*2833. ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਖਾਸ ਕਰਕੇ ਸਬ-ਡਵੀਜ਼ਨ ਬੰਗਾ ਵਿੱਚ ਪਟਵਾਰੀਆਂ ਦੀਆਂ ਮਨਜੂਰਸ਼ੁਦਾ ਅਸਾਮੀਆਂ ਕਿੰਨੀਆਂ ਹਨ ਅਤੇ ਇਸ ਵੇਲੇ ਇਨ੍ਹਾਂ ਵਿੱਚੋਂ ਕਿੰਨੀਆਂ ਅਸਾਮੀਆਂ ਕਿੰਨੇ ਚਿਰ ਤੋਂ ਖਾਲੀ ਪਈਆਂ ਹਨ, ਅਸਾਮੀਆਂ ਨੂੰ ਖਾਲੀ ਰੱਖਣ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

ਮਾਨਸਾ ਦੇ ਪਿੰਡਾਂ ਦੀਆਂ ਡਿਸਪੈਂਸਰੀਆਂ ਦੀ ਮੁਰੰਮਤ ਕਰਨਾ

*2811. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਐਮ.ਐਲ.ਏ.:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਜਿਲ੍ਹਾ ਮਾਨਸਾਂ ਦੇ ਪਿੰਡਾਂ ਵਿੱਚ ਸਥਿਤ ਕਿੰਨੀਆਂ ਡਿਸਪੈਂਸਰੀਆਂ ਦੀ ਹਾਲਤ ਠੀਕ ਹੈ ਅਤੇ ਕਿੰਨੀਆਂ ਖਸਤਾ ਹਨ ਤੇ ਕਿੰਨੀਆਂ ਰਿਪੇਅਰ ਹੋਣ ਵਾਲੀਆਂ ਹਨ;

ਅ) ਖਸਤਾ ਹੋਈਆਂ ਡਿਸਪੈਂਸਰੀਆਂ ਨੂੰ ਨਵੇਂ ਸਿਰੇ ਤੋਂ ਬਣਾਉਣ ਅਤੇ ਰਿਪੇਅਰ ਹੋਣ ਵਾਲੀਆਂ ਡਿਸਪੈਂਸਰੀਆਂ ਦੀ ਮੁਰੰਮਤ ਕਰਨ ਬਾਰੇ ਸਰਕਾਰ ਦੀ ਕੀ ਤਜਵੀਜ਼ ਹੈ?

ਪਾਇਲ ਤੋਂ ਜਗੇੜਾ ਸੜਕ ਦੀ ਮੁਰੰਮਤ

*2865. ਸਰਦਾਰ ਲਖਵੀਰ ਸਿੰਘ ਲੱਖਾ, ਐਮ.ਐਲ.ਏ.:-ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਾਇਲ ਤੋਂ ਜਗੇੜਾ ਸੜਕ (ਸੰਤ ਇਸ਼ਰ ਸਿੰਘ ਰਾੜੇਵਾਲਾ ਮਾਰਗ) ਜਿਸ ਲਈ 8 ਕਰੋੜ ਰੁਪਏ ਅਨੁਮਾਨਿਤ ਹਨ, ਦੀ ਮੁਰੰਮਤ ਲਈ ਸਰਕਾਰ ਦੀ ਕੀ ਯੋਜਨਾ ਹੈ, ਇਸਦੇ ਵੇਰਵੇ ਕੀ ਹਨ ਅਤੇ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

ਮਨਰੇਗਾ ਸਕੀਮ ਅਧੀਨ ਦਿਹਾਤੀ ਖੇਤਰ ਵਿੱਚ ਇੰਟਰਨਲ ਰੋਡ ਚੌੜੀ ਕਰਨਾ

*2839. ਸਰਦਾਰ ਦਿਲਰਾਜ ਸਿੰਘ ਭੂੰਦੜ, ਐਮ.ਐਲ.ਏ.:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਨਰੇਗਾ ਸਕੀਮ ਅਧੀਨ ਦਿਹਾਤੀ ਖੇਤਰ ਵਿੱਚ ਸਰਕਾਰ ਵੱਲੋਂ ਇੰਟਰਨਲ ਰੋਡ ਕਿੰਨੇ ਫੁੱਟ ਤੱਕ ਚੌੜੀ ਬਣਾਉਣ ਦੀ ਸ਼ਰਤ ਨਿਰਧਾਰਿਤ ਕੀਤੀ ਗਈ ਹੈ?

ਸਿੱਖਿਆ ਬਲਾਕ ਨਰੋਟ ਜੈਮਲ ਸਿੰਘ ਨੂੰ ਨਰੋਟ ਜੈਮਲ ਸਿੰਘ ਵਿਖੇ ਸ਼ਿਫਟ ਕਰਨਾ

*2890. ਸ਼੍ਰੀ ਜੋਗਿੰਦਰ ਪਾਲ, ਐਮ.ਐਲ.ਏ.:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ:-

ੳ) ਕੀ ਇਹ ਠੀਕ ਹੈ ਨਰੋਟ ਜੈਮਲ ਸਿੰਘ ਜਿਲਾ ਪਠਾਨਕੋਟ ਦਾ ਇੱਕ ਸਿੱਖਿਆ ਅਤੇ ਸੀ.ਡੀ. ਬਲਾਕ ਹੈ;

ਅ) ਕੀ ਇਹ ਵੀ ਠੀਕ ਹੈ ਕਿ ਸਿੱਖਿਆ ਬਲਾਕ ਨਰੋਟ ਜੈਮਲ ਸਿੰਘ ਦਾ ਦਫਤਰ, ਨਰੋਟ ਜੈਮਲ ਸਿੰਘ ਤੋਂ 15 ਕਿਲੋਮੀਟਰ ਦੂਰ ਸ਼ਿਫਟ ਕੀਤਾ ਹੋਇਆ ਹੈ;

ੲ) ਕੀ ਇਹ ਵੀ ਠੀਕ ਹੈ ਕਿ ਸਰਕਾਰੀ ਪ੍ਰਾਇਮਰੀ ਸਕੂਲ ਨਰੋਟ ਜੈਮਲ ਸਿੰਘ ਖੁਦ ਸਿੱਖਿਆ ਬਲਾਕ ਬਮਿਆਲ ਅਧੀਨ ਕਰ ਦਿੱਤਾ ਗਿਆ ਹੈ;

ਸ) ਜੇਕਰ ਉਪਰੋਕਤ ਭਾਗ (ੳ), (ਅ) ਅਤੇ (ੲ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਸਰਕਾਰ ਇਸ ਤਰੁੱਟੀ ਨੂੰ ਠੀਕ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹੈ ਤਾਂ ਕਦੋਂ ਤੱਕ?

ਅਮਲੋਹ ਹਲਕੇ ਦੇ ਪਿੰਡ ਤਲਵਾੜਾ ਨੂੰ ਬਲਾਕ ਬੱਸੀ ਪਠਾਨਾ ਤੋਂ ਬਲਾਕ ਅਮਲੋਹ ਵਿਚ ਬਦਲਣਾ

*2897. ਸਰਦਾਰ ਰਣਦੀਪ ਸਿੰਘ ਨਾਭਾ, ਐਮ.ਐਲ.ਏ.:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵਿਧਾਨ ਸਭਾ ਹਲਕਾ ਅਮਲੋਹ ਦੇ ਪਿੰਡ ਤਲਵਾੜਾ ਨੂੰ ਬਲਾਕ ਬੱਸੀ ਪਠਾਨਾ ਤੋਂ ਬਲਾਕ ਅਮਲੋਹ ਵਿਚ ਬਦਲਣ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੈ ਤਾਂ ਇਸ ਸਬੰਧੀ ਕੀ ਕਦਮ ਚੁੱਕੇ ਗਏ ਹਨ?

ਲਾਂਡਰਾਂ ਤੋਂ ਅੰਬਾਲਾ ਤੱਕ ਸੜਕ ਨੂੰ ਚਹੁੰ ਮਾਰਗੀ ਕਰਨਾ

*2879. ਸਰਦਾਰ ਹਰਦਿਆਲ ਸਿੰਘ ਕੰਬੋਜ, ਐਮ.ਐਲ.ਏ.:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਲਾਂਡਰਾਂ ਤੋਂ ਅੰਬਾਲਾ ਤੱਕ ਸੜਕ ਨੂੰ ਚਹੁੰ ਮਾਰਗੀ ਕਰਨ ਸਬੰਧੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਸ ਦੀ ਤਾਜ਼ਾ ਸਥਿਤੀ ਕੀ ਹੈ;

ਅ) ਜੇਕਰ ਇਹ ਸੜਕ ਨੇੜਲੇ ਭਵਿੱਖ ਵਿੱਚ ਜਲਦੀ ਚਹੁੰ ਮਾਰਗੀ ਨਹੀਂ ਕੀਤੀ ਜਾ ਰਹੀ ਤਾਂ ਦਿਨੋਂ ਦਿਨ ਵੱਧ ਰਹੀ ਸੜਕੀ ਆਵਾਜਾਈ ਅਤੇ ਵੱਧ ਰਹੇ ਸੜਕੀ ਹਾਦਸਿਆਂ ਨੂੰ ਧਿਆਨ ਵਿੱਚ ਰੱਖਦਿਆਂ ਕੀ ਸੜਕ ਦੇ ਵਿਚਕਾਰ ਡਿਵਾਈਡਰ ਬਣਾਉਣ ਦੀ ਤਜਵੀਜ਼ ਹੈ; ਜੇਕਰ ਹੈ ਤਾਂ ਇਹ ਡਿਵਾਈਡਰ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

ਚੰਡੀਗੜ੍ਹ
ਮਿਤੀ 27 ਅਗਸਤ, 2020

ਸੁਪਰਡੈਂਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।